ਨੰ:ਵਿ:ਵਿ:ਕਰਜ਼ਾ-ਭ.ਅ.(ਕਰਜ਼ਾ)/ਪੀ.7/2017/ 3618
ਪੰਜਾਬ ਸਰਕਾਰ,ਵਿੱਤ ਵਿਭਾਗ
(ਕਰਜ਼ਾ ਸ਼ਾਖਾ)

ਵੱਲ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ, ਰਜਿਸਟਰਾਰ, ਪੰਜਾਬ ਅਤੇ
ਹਰਿਆਣਾ ਹਾਈ ਕੋਰਟ, ਜਿਲ੍ਹਾ ਅਤੇ ਸੈਸ਼ਨ ਜੱਜ ਅਤੇ
ਡਿਪਟੀ ਕਮਿਸ਼ਨਰ।

ਮਿਤੀ: ਚੰਡੀਗੜ੍ਹ: 21/4/2017

ਵਿਸ਼ਾ: ਸਾਲ 2017-18 ਵਿੱਚ ਗਰੁੱਪ-ਡੀ (ਦਰਜਾ-4) ਕਰਮਚਾਰੀਆਂ ਨੂੰ ਕਣਕ ਦੀ ਖਰੀਦ ਲਈ ਕਰਜ਼ਾ ਦੇਣ ਬਾਰੇ।

ਸ੍ਰੀ ਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਨੇ ਆਪਣੇ **ਗਰੁੱਪ-ਡੀ (ਦਰਜ਼ਾ-4) ਕਰਮਚਾਰੀਆਂ ਨੂੰ ਕਣਕ ਦੀ ਖਰੀਦ ਲਈ ਸੂਦ ਰਹਿਤ 7000/- ਰੁਪਏ (ਅੱਖਰੀ ਕੇਵਲ ਸੱਤ ਹਜ਼ਾਰ ਰੁਪਏ) ਤੱਕ ਸਾਲ 2017-18 ਵਿੱਚ ਬਤੌਰ ਕਰਜ਼ਾ ਦੇਣ ਦਾ ਫੈਸਲਾ ਕੀਤਾ ਹੈ। ਇਸ ਕਰਜ਼ੇ ਦੀ ਰਕਮ ਮਿਤੀ 20 ਜੂਨ, 2017 ਤੱਕ ਕਢਵਾਈ ਜਾ ਸਕੇਗੀ।** ਇਹ ਕਰਜ਼ਾ 8 ਮਾਹਵਾਰ ਕਿਸ਼ਤਾਂ ਵਿੱਚ **ਵਸੂਲਿਆਂ ਜਾਵੇਗਾ। ਇਸ ਦੀ ਵਸੂਲੀ ਜੁਲਾਈ, 2017 ਦੀ ਤਨਖਾਹ ਤੋਂ ਸ਼ੁਰੂ ਹੋ ਜਾਵੇਗੀ ਤਾਂ ਜੋ ਸਾਰੇ ਕਰਜ਼ੇ ਦੀ ਵਸੂਲੀ ਇਸ ਵਿੱਤੀ ਸਾਲ ਦੇ ਖਤਮ ਹੋਣ ਤੋਂ ਪਹਿਲਾਂ ਹੋ ਸਕੇ।** ਇਹ ਕਰਜ਼ਾ ਸਿਰਫ ਰੈਗੂਲਰ ਗਰੁੱਪ-ਡੀ (ਦਰਜ਼ਾ-4) ਕਰਮਚਾਰੀਆਂ ਨੂੰ ਹੀ ਮਿਲੇਗਾ। ਦੂਜੇ ਗਰੁੱਪ-ਡੀ (ਦਰਜ਼ਾ-4) ਕਰਮਚਾਰੀ ਜਿਵੇਂ ਕਿ ਦਿਹਾੜੀਦਾਰ, ਵਰਕਚਾਰਜ਼ਡ ਕਰਮਚਾਰੀ ਆਦਿ ਇਸ ਫੈਸਲੇ ਅਧੀਨ ਨਹੀਂ ਆਉਣਗੇ। ਜਿਹੜੇ ਕਰਮਚਾਰੀ ਆਰਜੀ ਹਨ ਉਹਨਾਂ ਨੂੰ ਕਰਜ਼ਾ ਦੇਣ ਤੋਂ ਪਹਿਲਾਂ ਡਿਸਬਰਸਿੰਗ ਅਫਸਰ ਆਪਣੀ ਤਸੱਲੀ ਦੀ ਜਾਮਨੀ ਲੈ ਲੈਣ ਤਾਂ ਜੋ ਇਹ ਕਰਜ਼ਾ ਪੂਰਾ ਸੁਰੱਖਿਅਤ ਹੋਵੇ, ਅਤੇ ਨਿਰਧਾਰਤ ਸਮੇਂ ਅਨੁਸਾਰ ਵਸੂਲੀ ਹੋ ਸਕੇ। ਜਿਥੇ ਕਿਸੇ ਪਰਿਵਾਰ ਦੇ ਇੱਕ ਤੋਂ ਜਿਆਦਾ ਮੈਂਬਰ ਪੰਜਾਬ ਸਰਕਾਰ ਦੀ ਸੇਵਾ ਵਿੱਚ ਹਨ ਤੇ ਇੱਕੋ ਥਾਂ ਰਹਿੰਦੇ ਹਨ ਉਥੇ ਸਿਰਫ ਇੱਕੋਂ ਕਰਮਚਾਰੀ ਨੂੰ ਹੀ ਕਰਜ਼ਾ ਦਿੱਤਾ ਜਾਵੇਗਾ। ਇਸ ਬਾਰੇ ਸਬੰਧਤ ਕਰਮਚਾਰੀ ਨੂੰ ਨੱਥੀ ਅਨੁਲੱਗ ਅਨੁਸਾਰ ਬਣਦਾ ਸਰਟੀਫਿਕੇਟ ਦੇਣਾ ਪਵੇਗਾ।

2. ਇਸ ਕਰਜ਼ੇ ਦੀ ਮੰਨਜ਼ੂਰੀ ਜਾਰੀ ਕਰਨ ਦਾ ਅਧਿਕਾਰ ਡਿਸਬਰਸਿੰਗ ਅਫਸਰ ਨੂੰ ਹੋਵੇਗਾ ਅਤੇ ਉਹ ਮੰਨਜੂਰੀ ਜਾਰੀ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾ ਲਵੇਗਾ ਕਿ ਕਰਮਚਾਰੀ ਉਤਨੇ ਸਮੇਂ ਲਈ ਸੇਵਾ ਵਿੱਚ ਰਹੇਗਾ ਜਿੰਨਾ ਸਮਾਂ ਇਸ ਕਰਜ਼ੇ ਦੀ ਵਸੂਲੀ ਲਈ ਨਿਸ਼ਚਿਤ ਕੀਤਾ ਗਿਆ ਹੈ।

3. ਰਕਮ ਖਜਾਨੇ ਵਿੱਚੋਂ ਕਢਵਾਉਣ ਤੋਂ ਇੱਕ ਮਹੀਨੇ ਦੇ ਅੰਦਰ ਅੰਦਰ ਕਰਜ਼ਦਾਰ ਕਰਮਚਾਰੀ ਆਪਣੇ ਡਿਸਬਰਸਿੰਗ ਅਫਸਰ ਨੂੰ ਖਰੀਦੀ ਗਈ ਕਣਕ ਬਾਰੇ ਰਸੀਦ ਪੇਸ਼ ਕਰੇਗਾ। **ਜੇਕਰ ਵਰਤੀ ਗਈ ਰਕਮ ਕਰਜ਼ੇ ਦੀ ਰਕਮ ਤੋਂ ਘੱਟ ਹੋਵੇ ਤਾਂ ਬਾਕੀ ਦੀ ਰਕਮ ਉਸ ਦੀ ਜੁਲਾਈ, 2017 ਦੀ ਤਨਖਾਹ ਵਿਚੋਂ ਕੱਟ ਲਈ ਜਾਵੇ।**

4. ਕਰਜ਼ੇ ਦੀ ਰਕਮ ਨਾਨ ਪਲਾਨ ਸਾਈਡ ਤੇ ਹੈਡ "7610 ਸਰਕਾਰੀ ਮੁਲਾਜਮਾਂ ਨੂੰ ਕਰਜ਼ੇ ਆਦਿ -800- ਹੋਰ ਕਰਜੇ ਆਦਿ-11-ਕਣਕ ਕਰਜ਼ੇ - 55 ਕਰਜ਼ੇ ਅਤੇ ਪੇਸ਼ਗੀਆਂ" ਅਧੀਨ ਬੁਕ ਕੀਤੀ ਜਾਵੇਗੀ। ਇਸ ਦੀ ਮਾਹਵਾਰ ਵਸੂਲੀ ਕਾਰਸਪਾਂਡਿੰਗ ਰਸੀਟ ਹੈਡ "7610-ਸਰਕਾਰੀ ਮੁਲਾਜਮਾਂ ਨੂੰ ਕਰਜ਼ੇ ਆਦਿ -800-ਹੋਰ ਕਰਜ਼ੇ ਆਦਿ-11 ਕਣਕ ਕਰਜ਼ੇ - 55 ਕਰਜ਼ੇ ਅਤੇ ਪੇਸ਼ਗੀਆਂ-ਪ੍ਰਾਪਤੀਆਂ" ਨੂੰ ਕੀਤੀ ਜਾਵੇਗੀ।

5.. ਇਸ ਕਰਜ਼ੇ ਸਬੰਧੀ ਵਿਅਕਤੀਗਤ ਲੇਖਾ-ਜੋਖਾ ਸਬੰਧਤ ਡਿਸਬਰਸਿੰਗ ਅਫਸਰ ਰੱਖੇਗਾ ਅਤੇ ਉਹ ਆਪਣੀ ਪੱਧਰ ਤੇ ਇਹ ਯਕੀਨੀ ਬਣਾਏਗਾ ਕਿ ਕਰਜ਼ੇ ਦੀ ਵਸੂਲੀ ਉਪਰੋਕਤ ਵਰਨਣ ਅਨੁਸਾਰ ਕੀਤੀ ਗਈ ਹੈ। ਇਸ ਕਰਜ਼ੇ ਦੀ ਵਸੂਲੀ ਸਬੰਧੀ ਹਰ ਤਨਖਾਹ ਦੇ ਬਿਲ ਨਾਲ ਅਲੱਗ ਸ਼ਡਿਊਲ ਲਗਾਇਆ ਜਾਵੇਗਾ ਜਿਸ ਵਿੱਚ ਕਰਮਚਾਰੀ ਵਾਈਜ਼ ਕਰਜ਼ੇ ਦੀ ਕੁੱਲ ਰਕਮ, ਮੌਜੂਦਾ ਬਿਲ ਵਿੱਚ ਕੀਤੀ ਕਟੌਤੀ ਅਤੇ ਬਕਾਇਆ ਵਿਖਾਇਆ ਜਾਵੇਗਾ।

6. ਹਰ ਵਿਭਾਗ ਦਾ ਮੁੱਖੀ ਆਪਣੇ ਵਿਭਾਗ ਵਲੋਂ ਡਰਾਅ ਕੀਤੀ ਕਰਜ਼ੇ ਦੀ ਰਾਸ਼ੀ ਅਤੇ ਕੀਤੀ ਗਈ ਰਿਕਵਰੀ ਦਾ ਮਿਲਾਣ ਮਹਾਂਲੇਖਾਕਾਰ, ਪੰਜਾਬ ਨਾਲ ਕਰਨਾ ਯਕੀਨੀ ਬਣਾਉਂਣਗੇ। ਇਹ ਕਰਜ਼ਾ ਉਨ੍ਹਾਂ ਗਰੁੱਪ-ਡੀ (ਦਰਜ਼ਾ ਚਾਰ) ਕਰਮਚਾਰੀਆਂ ਨੂੰ ਹੀ ਦਿੱਤਾ ਜਾਵੇਗਾ ਜੋ ਇਸ ਕਰਜੇ ਲਈ ਅਪਲਾਈ ਕਰਨਗੇ।

ਨੱਥੀ: ਉਪਰੋਕਤ ਅਨੁਸਾਰ।

ਵਿਸ਼ਵਾਸ਼ ਪਾਤਰ,

ਅਡੀਸ਼ਨਲ ਡਾਇਰੈਕਟਰ (ਖਤੇਲੇ)
ਵਾਸਤੇ ਮੁੱਖ ਸਕੱਤਰ ਵਿੱਤ

ਪਿੱਠ ਅੰਕਣ ਨੰ: ਵਿ:ਵਿ:ਕਰਜ਼ਾ-ਭ.ਅ.(ਕਰਜ਼ਾ)/7/2017/ 3619 ਮਿਤੀ: 21/4/2017

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਮਹਾਂਲੇਖਾਕਾਰ,(ਆਡਿਟ) ਪੰਜਾਬ, ਚੰਡੀਗੜ੍ਹ।
2. ਪ੍ਰਮੁੱਖ ਮਹਾਂਲੇਖਾਕਾਰ, (ਏ ਅਤੇ ਈ) ਪੰਜਾਬ, ਚੰਡੀਗੜ੍ਹ।

ਅਡੀਸ਼ਨਲ ਡਾਇਰੈਕਟਰ (ਖਤੇਲੇ)

ਪਿੱਠ ਅੰਕਣ ਨੰ: ਵਿ:ਵਿ:ਕਰਜ਼ਾ-ਭ.ਅ.(ਕਰਜ਼ਾ)/7/2017/ 3620 ਮਿਤੀ: 21/4/2017

ਇੱਕ ਉਤਾਰਾ ਪੰਜਾਬ ਰਾਜ ਦੇ ਜਿਲ੍ਹਾ ਖਜਾਨਾ /ਖਜਾਨਾ ਅਫਸਰਾਂ ਨੂੰ ਸੂਚਨਾ ਅਤੇ ਜਰੂਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਅਡੀਸ਼ਨਲ ਡਾਇਰੈਕਟਰ (ਖਤੇਲੇ)

ਪਿੱਠ ਅੰਕਣ ਨੰ: ਵਿ:ਵਿ:ਕਰਜ਼ਾ-ਭ.ਅ.(ਕਰਜ਼ਾ)/7/2017/ 3621 ਮਿਤੀ: 21/4/2017

ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਰੈਜੀਡੈਂਟ, ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ, ਪੰਜਾਬ ਭਵਨ ਕਾਪਰਨੀਕਸ ਮਾਰਗ, ਨਵੀਂ ਦਿੱਲੀ।
2. ਤਨਖਾਹ ਅਤੇ ਲੇਖਾ ਅਫਸਰ, ਪੰਜਾਬ ਭਵਨ, ਨਵੀਂ ਦਿੱਲੀ।

ਅਡੀਸ਼ਨਲ ਡਾਇਰੈਕਟਰ (ਖਤੇਲੇ)

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਅਡੀਸ਼ਨਲ ਡਾਇਰੈਕਟਰ (ਖਤੇਲੇ)

ਸੇਵਾ ਵਿਖੇ

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਪਿੱਠ ਅੰਕਣ ਨੰ: ਵਿ:ਵਿ:ਕਰਜ਼ਾ-ਭ.ਅ. (ਕਰਜ਼ਾ)/7/2017/ 3622 ਮਿਤੀ: 21/4/2017

## ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਸ੍ਰੀਮਤੀ.................................................... ਜੋ ਕਿ ਮੇਰੀ ਪਤਨੀ/ਪਤੀ/ਪਰਿਵਾਰ ਦਾ ਮੈਂਬਰ ਹੈ ਤੇ ਮੇਰੇ ਨਾਲ ਰਹਿ ਰਿਹਾ ਹੈ.................................. ਮਹਿਕਮੇ ਵਿੱਚ ਕੰਮ ਕਰ ਰਿਹਾ ਹੈ, ਨੇ ਸਾਲ 2017-18 ਦੌਰਾਨ ਕਣਕ ਦੇ ਕਰਜ਼ੇ ਲਈ ਅਰਜ਼ੀ ਨਹੀਂ ਦਿੱਤੀ।

ਕਰਮਚਾਰੀ ਦੇ ਹਸਤਾਖਰ.................................

## ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਮੇਰੀ ਪਤਨੀ/ਪਤੀ/ਮੇਰੇ ਪਰਿਵਾਰ ਦਾ ਕੋਈ ਮੈਂਬਰ, ਜੋ ਕਿ ਮੇਰੇ ਨਾਲ ਰਹਿ ਰਿਹਾ ਹੈ, ਪੰਜਾਬ ਸਰਕਾਰ ਦਾ ਮੁਲਾਜ਼ਮ ਨਹੀਂ ਹੈ।

ਕਰਮਚਾਰੀ ਦੇ ਹਸਤਾਖਰ....................................